## ਪੰਜਾਬ ਵਿਧਾਨ ਸਭਾ ਸਕੱਤਰੇਤ

### ਮੰਗਲਵਾਰ, ਮਿਤੀ 20 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

**ਜੰਗਲੀ ਅਤੇ ਅਵਾਰਾ ਪਸ਼ੂਆਂ ਤੋਂ ਫਸਲਾਂ ਦੇ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਸਬੰਧੀ**

*16. 1. **ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.)** :-
2. **ਸ਼੍ਰੀ ਜੈ.ਕ੍ਰਿਸ਼ਨ, ਐਮ.ਐਲ.ਏ.)** :- ਕੀ ਜੰਗਲਾਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਸੱਚ ਹੈ ਕੀ ਜੰਗਲੀ ਅਤੇ ਅਵਾਰਾ ਪਸ਼ੂ ਬਲਾਕ ਨੂਰਪੁਰ ਬੇਦੀ ਦੇ ਪਿੰਡਾਂ ਵਿਚ ਫਸਲਾਂ ਦਾ ਬਹੁਤ ਨੁਕਸਾਨ ਕਰਦੇ ਹਨ; ਜੇਕਰ ਅਜਿਹਾ ਹੈ ਤਾਂ ਇਸ ਸਮਸਿਆਂ ਨਾਲ ਨਜਿੱਠਣ ਲਈ ਸਰਕਾਰ ਵਲੋਂ ਕੀ ਯੋਜਨਾ ਬਣਾਈ ਗਈ ਹੈ;

ਅ) ਕੀ ਹਲਕਾ ਗੜ੍ਹਸ਼ੰਕਰ ਅਧੀਨ ਪੈਂਦੇ ਬੀਤ ਇਲਾਕੇ ਵਿੱਚ ਵੀ ਜੰਗਲੀ ਜਾਨਵਰ/ਆਵਾਰਾ ਪਸ਼ੂਆਂ ਵੱਲੋਂ ਫ਼ਸਲਾਂ ਦਾ ਉਜਾੜਾ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਇਸ ਸਮੱਸਿਆਂ ਤੋਂ ਨਿਜਾਤ ਪਾਣ ਲਈ ਸਰਕਾਰ ਵਲੋਂ ਕੀ ਕਦਮ ਚੁੱਕੇ ਜਾ ਰਹੇ ਹਨ?

**ਪਿੰਡਾਂ ਵਿਚ ਆਰ.ਓ. ਸਿਸਟਮ ਲਗਾਉਣਾ**

*181. **ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ.**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਹਲਕਾ ਖੰਨਾ ਦੇ ਸਾਰੇ ਪਿੰਡਾਂ ਵਿੱਚ ਆਰ.ਓ. ਸਿਸਟਮ ਰਾਹੀਂ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਨੂੰ ਕਦੋਂ ਤੱਕ ਸਾਰੇ ਪਿੰਡਾਂ ਵਿੱਚ ਲਗਾ ਦਿੱਤਾ ਜਾਵੇਗਾ?

**ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਨਹਿਰਾਂ/ਸੂਇਆਂ ਵਿਚੋਂ ਆਰਜ਼ੀ ਮੋਘੇ ਦੇਣ ਦੀ ਨੀਤੀ**

*132. **ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਪੰਜਾਬ ਸਰਕਾਰ ਦੀ ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਨਹਿਰਾਂ/ਸੂਇਆਂ ਵਿੱਚੋਂ ਆਰਜ਼ੀ ਮੋਘੇ (ਛੂਟਸ ) ਦੇਣ ਦੀ ਕੋਈ ਨੀਤੀ ਹੈ; ਜੇਕਰ ਹੈ ਤਾਂ ਪਿਛਲੇ ਸਾਲ ਕਿੰਨੇ ਆਰਜ਼ੀ ਮੋਘੇ (ਛੂਟਸ) ਬਣਾਉਣ ਦੀ ਇਜ਼ਾਜ਼ਤ ਦਿੱਤੀ ਗਈ ਸੀ;

ਅ) ਝੋਨੇ ਦੇ ਅਗਾਮੀ ਸੀਜ਼ਨ ਵਿੱਚ ਆਰਜ਼ੀ ਮੋਘੇ (ਛੂਟਸ) ਬਣਾਉਣ ਦੀਆਂ ਹੁਣ ਤੱਕ ਕਿੰਨੀਆਂ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਉਹਨਾਂ ਉੱਪਰ ਕੀ ਕਾਰਵਾਈ ਕੀਤੀ ਗਈ ਹੈ?

**ਆਈ.ਟੀ.ਆਈਜ਼ ਵਿੱਚੋ ਇਲੈਕਟਰੀਕਲ ਦੀ ਟਰੇਡ ਖਤਮ ਕਰਨਾ**

*77. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਿਨ੍ਹਾਂ ਸੈਂਕੜੇ ਦਸਵੀਂ ਪਾਸ ਨੋਜਵਾਨਾਂ ਨੇ ਸਾਲ 2013 ਵਿਚ ਪੰਜਾਬ ਦੀਆਂ ਸਰਕਾਰੀ ਆਈ.ਟੀ. ਆਈਜ਼ ਵਿਚੋਂ ਸੈਂਟਰ ਆਫ ਐਕਸੀਲੈਂਸ ਇਲੈਕਟਰੀਕਲ ਦੀ ਇਕ ਸਾਲ ਦੀ ਸਿਖਲਾਈ ਪ੍ਰਾਪਤ ਕੀਤੀ ਸੀ, ਉਨ੍ਹਾਂ ਨੂੰ ਅਜੇ ਤੱਕ ਸਰਟੀਫਿਕੇਟ ਜਾਰੀ ਨਹੀ ਕੀਤੇ ਗਏ; ਜੇਕਰ ਅਜਿਹਾ ਹੋਵੇ ਤਾਂ ਇਸ ਕੁਤਾਹੀ ਲਈ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਕੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨੋਜਵਾਨਾਂ ਨੂੰ ਸਰਟੀਫਿਕੇਟ ਕਦੋਂ ਤੱਕ ਮਿਲ ਜਾਣਗੇ;

ਅ) ਕੀ ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈਜ਼ ਵਿਚੋਂ ਸੈਂਟਰ ਆਫ ਐਕਸੀਲੈਂਸ ਇਲਕੈਟਰੀਕਲ ਦੀ ਟਰੇਡ ਸਾਲ 2015 ਤੋਂ ਖਤਮ ਕਰ ਦਿੱਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ?

**ਬਲਾਚੌਰ ਬੇਟ ਇਲਾਕੇ ਵਿੱਚ ਸਕੂਲ ਅਪਗ੍ਰੇਡ ਕਰਨਾ**

*427. **ਸ਼੍ਰੀ ਦਰਸ਼ਨ ਲਾਲ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਲਾਚੌਰ ਹਲਕੇ ਦੇ ਤਿੰਨ ਹਾਈ ਸਕੂਲਾਂ ਮਹਿਤਪੁਰ, ਗਰਲੂਆ ਬੇਟ ਅਤੇ ਮੁੱਤੋਂ ਨੂੰ ਅਪਗ੍ਰੇਡ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹ ਸਕੂਲ ਅਗਲੇ ਸੈਸ਼ਨ ਤੋਂ ਅਪਗ੍ਰੇਡ ਹੋ ਜਾਣਗੇ?

**ਆਂਗਣਵਾੜੀ ਵਰਕਰਾਂ ਦਾ ਮਾਣ ਭੱਤਾ ਵਧਾਉਣਾ**

*179. 1. **ਸਰਦਾਰ ਗੁਰਕੀਰਤ ਸਿੰਘ, ਐਮ.ਐਲ.ਏ.)**
2. **ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.)** :- ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਆਂਗਣਵਾੜੀ ਵਰਕਰਾਂ ਦਾ ਮਾਣ ਭੱਤਾ ਵਧਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਕਦੋਂ ਤੱਕ ਵਧਾ ਦਿੱਤਾ ਜਾਵੇਗਾ?

**ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਡਾਕਟਰਾਂ ਦੀਆਂ ਅਸਾਮੀਆਂ ਭਰਨਾ**

*280. **ਸਰਦਾਰ ਨਵਤੇਜ ਸਿੰਘ ਚੀਮਾ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਿਵਲ ਹਸਪਤਾਲ, ਸੁਲਤਾਨਪੁਰ ਲੋਧੀ ਵਿਚ ਡਾਕਟਰਾਂ ਅਤੇ ਸਹਾਇਕ ਅਮਲੇ ਦੀਆਂ ਮੌਜੂਦਾ ਖਾਲੀ ਪਾਈਆਂ ਅਸਾਮੀਆਂ ਦੇ ਸ਼੍ਰੇਣੀਵਾਰ ਵੇਰਵੇ ਕੀ ਹਨ

ਅ) ਕੀ ਇਸ ਹਸਪਤਾਲ ਵਿਚ ਇਨ੍ਹਾਂ ਅਸਾਮੀਆਂ ਨੂੰ ਭਰਨ ਅਤੇ ਸੰਪੂਰਣ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਅਤੇ ਹੋਰ ਮਸ਼ੀਨਾਂ ਦੇ ਪ੍ਰਬੰਧ ਕਰਨ ਲਈ ਸਰਕਾਰ ਦੁਆਰਾ ਕੋਈ ਕਦਮ ਚੁੱਕੇ ਜਾ ਰਹੇ ਹਨ?

**ਲੁਧਿਆਣਾ ਸ਼ਹਿਰ ਵਿੱਚ ਸੜਕਾਂ ਦੀ ਸਫਾਈ ਲਈ ਮਸ਼ੀਨਾਂ**

*285. 1. **ਸ਼੍ਰੀ ਰਾਕੇਸ਼ ਪਾਂਡੇ, ਐਮ.ਐਲ.ਏ.)**:-
2. **ਸ਼੍ਰੀ ਭਾਰਤ ਭੂਸ਼ਨ ਆਸ਼ੂ, ਐਮ.ਐਲ.ਏ.)** :- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਲੁਧਿਆਣਾ ਸ਼ਹਿਰ ਵਿੱਚ ਸ਼ੜਕਾਂ ਦੀ ਸਫਾਈ ਕਰਨ ਲਈ ਕਿੰਨੀਆਂ ਸਫਾਈ ਮਸ਼ੀਨਾਂ ਤੈਨਾਤ ਕੀਤੀਆਂ ਗਈਆਂ ਹਨ ਅਤੇ ਇਸ ਕੰਮ ਉੱਤੇ ਤੈਨਾਤ ਕੀਤੇ ਕਰਮਚਾਰੀਆਂ ਦੀ ਤਨਖਾਹ ਸਮੇਤ ਪ੍ਰਤੀ ਮਹੀਨਾ ਕਿੰਨੀ ਰਾਸ਼ੀ ਖਰਚ ਕੀਤੀ ਜਾ ਰਹੀ ਹੈ ਅਤੇ ਅਜਿਹੀ ਹਰ ਇਕ ਮਸ਼ੀਨ ਦੀ ਕੀਮਤ ਕਿੰਨੀ ਹੈ;

ਅ) ਕੀ ਉਕੱਤ ਮਸ਼ੀਨਾਂ ਦੁਆਰਾ ਕੀਤੀ ਸ਼ੜਕਾਂ ਦੀ ਸਫਾਈ ਦਾ ਕੰਮ ਤੱਸਲੀਬਖਸ਼ ਕੀਤਾ ਜਾ ਰਿਹਾ ਹੈ; ਅਤੇ ਲੋਕ ਸੰਤੁਸ਼ਟ ਹਨ, ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

**ਸੁੱਕੇ ਦਰਖਤਾਂ ਨੂੰ ਕੱਟਣਾ**

*232. **ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ ਬਹਾਦਰਗੜ੍ਹ-ਸ਼ੰਭੂ ਸੜਕ ਤੇ ਸੁੱਕੇ ਦਰਖਤਾਂ ਦੇ ਸੜਕ ਤੇ ਆ ਜਾਣ ਕਾਰਨ ਜਾਨੀ ਤੇ ਮਾਲੀ ਨੁਕਸਾਨ ਹੋਣ ਦੇ ਮੱਦੇ ਨਜ਼ਰ ਉਨ੍ਹਾਂ ਦਰਖਤਾਂ ਨੂੰ ਚਾਲੂ ਵਿੱਤੀ ਸਾਲ ਦੌਰਾਨ ਕੱਟਣ ਲਈ ਸਰਕਾਰ ਦੀ ਕੋਈ ਯੋਜਨਾ ਹੈ?

ਪਰਤੋਂ ਜੀ...

**ਰਾਸ਼ਟਰੀ ਮਾਰਗ ਲਈ ਐਕਵਾਇਰ ਕੀਤੀ ਗਈ ਜ਼ਮੀਨ**

***330. ਸਰਦਾਰ ਹਰਮਿੰਦਰ ਸਿੰਘ ਗਿੱਲ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੱਟੀ ਵਿਧਾਨ ਸਭਾ ਹਲਕੇ ਅੰਦਰ ਨਿਰਮਾਣ ਅਧੀਨ ਤਰਨਤਾਰਨ-ਹਰੀਕੇ ਰਾਸ਼ਟਰੀ ਮਾਰਗ ਲਈ ਐਕਵਾਇਰ ਕੀਤੀ ਗਈ ਪੰਚਾਇਤੀ ਜ਼ਮੀਨ ਬਦਲੇ ਮਿਲੇ 16 ਕਰੋੜ ਰੁਪਏ ਦੀ ਰਕਮ ਕਿਸ ਮੰਤਵ ਵਾਸਤੇ ਅਤੇ ਕਿਸ ਪਿੰਡ ਵਿੱਚ ਵਰਤੀ ਗਈ ਹੈ; ਜੇਕਰ ਇਹ ਵੱਡੀ ਰਕਮ ਖੁਰਦ-ਬੁਰਦ ਹੋਈ ਹੈ ਤਾਂ ਕੀ ਸਰਕਾਰ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਕਰ ਰਹੀ ਹੈ?

**ਬਿਸਤ ਦੋਆਬ ਨਹਿਰ ਨੂੰ ਪੱਕਾ ਕਰਨਾ**

***245. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ.:-** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਬਿਸਤ ਦੋਆਬ ਨਹਿਰ ਦੀਆ Branches, Distributaties ਅਤੇ Minors ਕਿੰਨੇ ਕਿਲੋ ਮੀਟਰ ਪੱਕੀਆਂ ਹੋ ਚੁੱਕੀਆਂ ਹਨ ਅਤੇ ਕਿੰਨੀਆਂ ਅਜੇ ਪੱਕੀਆਂ ਹੋਣ ਨੂੰ ਬਾਕੀ ਰਹਿੰਦੀਆਂ ਹਨ;

ਅ) ਬਿਸਤ ਦੁਆਬ ਨਹਿਰ ਦੀ ਲਾਈਨਿੰਗ ਦਾ ਸਮੁੱਚਾ ਕੰਮ ਕਦੋਂ ਤੱਕ ਖ਼ਤਮ ਕੀਤੇ ਜਾਣ ਦੀ ਸੰਭਾਵਨਾ ਹੈ?

**ਸੀਨੀਅਰ ਸੈਕੰਡਰੀ ਸਕੂਲ, ਚੌਂਦਾ ਵਿੱਚ ਲੈਕਚਰਰਾਂ ਦੀਆਂ ਖਾਲੀ ਅਸਾਮੀਆਂ ਦੀ ਗਿਣਤੀ**

***449. ਸਰਦਾਰ ਸੁਰਜੀਤ ਸਿੰਘ ਧੀਮਾਨ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਮਰਗੜ੍ਹ ਵਿਧਾਨ ਸਭਾ ਹਲਕੇ ਵਿਚ ਪੈਂਦੇ ਸੀਨੀਅਰ ਸੈਕੰਡਰੀ ਸਕੂਲ ਚੌਂਦਾ ਵਿਚ ਲੈਕਚਰਾਰਾਂ ਦੀਆਂ ਸ਼੍ਰੇਣੀ-ਵਾਰ ਖਾਲ੍ਹੀ ਪਈਆਂ ਅਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਸਰਕਾਰ ਦੁਆਰਾ ਇਨ੍ਹਾ ਅਸਾਮੀਆਂ ਨੂੰ ਭਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਬਨੂੜ ਤੋਂ ਅੰਬਾਲਾ ਸੜਕ ਵਿਚਕਾਰ ਡਿਵਾਈਡਰ ਬਣਾਉਣਾ**

***313. ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਨੂੜ ਤੋਂ ਅੰਬਾਲਾ ਤੱਕ ਜਾਣ ਵਾਲੀ ਸੜਕ ਵਿਚਕਾਰ ਡਿਵਾਈਡਰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਮੁਕੇਰੀਆਂ ਵਿਚ ਕੈਂਸਰ ਮਰੀਜ਼ਾਂ ਦੀ ਗਿਣਤੀ**

***283. ਸ਼੍ਰੀ ਰਜਨੀਸ਼ ਕੁਮਾਰ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੈਂਸਰ ਦੇ ਮਰੀਜਾਂ ਦੇ ਇਲਾਜ ਲਈ ਸਰਕਾਰ ਵਲੋਂ ਕੀ ਯੋਗਦਾਨ ਪਾਇਆ ਜਾ ਰਿਹਾ ਹੈ;

ਅ) ਹਲਕਾ ਮੁਕੇਰੀਆਂ ਵਿਚ ਇਸ ਸਮੇਂ ਕੈਂਸਰ ਦੇ ਮਰੀਜਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਦੇ ਇਲਾਜ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ?

**ਡੇਰਾਬਸੀ ਦੇ ਪਿੰਡ ਸਮਗੋਲੀ ਵਿਖੇ ਡੰਪਿੰਗ ਗਰਾਊਂਡ ਬਣਾਉਣਾ**

***347. ਸ਼੍ਰੀ ਐੱਨ.ਕੇ ਸ਼ਰਮਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬਸੀ ਦੇ ਪਿੰਡ ਸਮਗੋਲੀ ਵਿਖੇ ਡੰਪਿੰਗ ਗ੍ਰਾਉਂਡ ਬਣਾਈ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਮੰਤਵ ਲਈ ਕਿੰਨੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ ਅਤੇ ਜ਼ਮੀਨ ਦੇ ਉਨ੍ਹਾਂ ਮਾਲਕਾ ਦੇ ਨਾਂ ਕੀ ਹਨ ਜਿੰਨ੍ਹਾਂ ਦੀ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ?

**ਕੰਢੀ ਖੇਤਰ ਵਿੱਚ ਲੱਕੜ ਮਾਫ਼ੀਆ ਵੱਲੋਂ ਅਣਅਧਿਕਾਰਤ ਕਬਜ਼ਾ**

***415. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਕੰਢੀ ਖੇਤਰ ਵਿੱਚ ਲੱਕੜ ਮਾਫੀਆ ਨੇ ਅਣਅਧਿਕਾਰਤ ਤੌਰ ਤੇ ਲੱਕੜ ਮਾਰਕੀਟ ਦੇ ਵਪਾਰ ਤੇ ਕਬਜ਼ਾ ਕੀਤਾ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਤੇ ਕਾਬੂ ਪਾਉਣ ਲਈ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਤਜਵੀਜ਼ਤ ਕਦਮ ਕੀ ਹਨ ਅਤੇ ਇਹਨਾਂ ਦੇ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ?

**ਮਨਰੇਗਾ ਵਰਕਰਜ਼ ਦੇ ਬਿੱਲਾਂ ਦਾ ਭੁਗਤਾਨ**

***442. ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮਨਰੇਗਾ ਵਰਕਰਜ਼ ਦੇ ਬਿੱਲਾਂ ਦਾ ਭੁਗਤਾਨ ਜ਼ਿਲ੍ਹਾਵਾਰ ਕਿੰਨਾਂ-ਕਿੰਨਾਂ ਅਤੇ ਕਦੋਂ ਤੋਂ ਪੈਂਡਿੰਗ ਹੈ; ਅਤੇ ਇਨ੍ਹਾ ਬਿੱਲਾਂ ਦੀ ਬਕਾਇਆ ਰਕਮ ਦਾ ਭੁਗਤਾਨ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਲੁਧਿਆਣਾ ਵੈਸਟ ਵਿਧਾਨ ਸਭਾ ਹਲਕੇ ਵਿਚ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਖਾਲੀ ਪਈਆਂ ਅਸਾਮੀਆਂ**

***294. ਸ਼੍ਰੀ ਭਾਰਤ ਭੂਸ਼ਣ ਆਸ਼ੂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ ਵੈਸਟ ਵਿਧਾਨ ਸਭਾ ਹਲਕੇ ਵਿਚ ਸਰਕਾਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਸ਼੍ਰੇਣੀ-ਵਾਰ ਖਾਲ੍ਹੀ ਪਈਆਂ ਅਸਾਮੀਆਂ ਦੇ ਵੇਰਵੇ ਕੀ ਹਨ ਅਤੇ ਇਨ੍ਹਾਂ ਖਾਲ੍ਹੀ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਜਗਰਾਉਂ ਸ਼ਹਿਰ ਵਿੱਚ ਸੀਵਰੇਜ਼ ਸਿਸਟਮ ਨਾ ਹੋਣਾ**

***383. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਜਗਰਾਉਂ ਸ਼ਹਿਰ ਵਿੱਚ ਸੀਵਰੇਜ਼ ਬਲਾਕੇਜ਼ ਦੀ ਵੱਡੀ ਸਮੱਸਿਆ ਹੈ ਅਤੇ ਸ਼ਹਿਰ ਦੇ ਕੁਝ ਖੇਤਰ ਬਿਨਾਂ ਸੀਵਰੇਜ਼ ਸਿਸਟਮ ਤੋਂ ਹਨ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਸ ਲਈ ਕੀ ਉਪਰਾਲੇ ਕਰ ਰਹੀ ਹੈ;

ਅ) ਸਾਲ 2015-16 ਦੇ ਦੌਰਾਨ ਜਗਰਾਉਂ ਸ਼ਹਿਰ ਵਿੱਚ ਪੁਰਾਣੇ ਸੀਵਰੇਜ਼ ਦੀ ਮੁਰੰਮਤ ਕਰਨ ਅਤੇ ਨਵਾਂ ਸੀਵਰੇਜ਼ ਪਾਉਣ ਲਈ ਰਾਖਵੇਂ ਰੱਖੇ ਗਏ ਫੰਡਾਂ ਦੀ ਕੁੱਲ ਰਕਮ ਕਿੰਨੀ ਸੀ ਅਤੇ ਕੀ ਇਨ੍ਹਾਂ ਫੰਡਾਂ ਦੀ ਵਰਤੋਂ ਕਰ ਲਈ ਗਈ ਹੈ; ਜੇਕਰ ਨਹੀਂ ਤਾਂ ਖਰਚ ਨਾ ਹੋਏ ਫੰਡਾਂ ਦੇ ਵੇਰਵੇ ਅਤੇ ਕਾਰਨ ਕੀ ਹਨ?

**ਅੱਪਰ ਬਾਰੀ ਦੋਆਬ ਨਹਿਰ ਦੀ ਲਾਈਨਿੰਗ ਕਰਨਾ**

***358. ਸਰਦਾਰ ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.:-** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅੱਪਰ ਬਾਰੀ ਦੋਆਬ ਨਹਿਰ ਦੀ ਲਾਈਨਿੰਗ ਕਰਨ ਅਤੇ ਇਸ ਦੇ ਕਿਨਾਰਿਆ ਤੇ ਪਟੜੀ ਨੂੰ ਪੱਕੀ ਕਰਨ/ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਚੰਡੀਗੜ੍ਹ**
**ਮਿਤੀ 18 ਜੂਨ, 2017**

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।